ਮਿੱਠੇ ਬੱਚੇ:- "ਮਿੱਠੇ ਬੱਚੇ- ਇਸ ਪੁਰਸ਼ੋਤਮ ਸੰਗਮਯੁਗ ਵਿਚ ਪੁਰਸ਼ੋਤਮ ਬਣਨ ਦਾ ਪੂਰਾ-ਪੂਰਾ ਪੁਰਸ਼ਾਰਥ ਕਰੋ, ਜਿਨਾਂ ਹੋ ਸਕੇ ਯਾਦ ਅਤੇ ਪੜਾਈ ਤੇ ਅਟੈਂਸ਼ਨ ਦੇਵੋ।"

ਪ੍ਰਸ਼ਨ:- ਪ੍ਰਸ਼ਨ:- ਤੁਸੀਂ ਬੱਚੇ ਬਹੁਤ ਵੱਡੇ ਵਪਾਰੀ ਹੋ, ਤੁਹਾਨੂੰ ਹਮੇਸ਼ਾ ਕਿਸ ਗੱਲ ਤੇ ਧਿਆਨ ਦੇ ਕੇ ਵਿਚਾਰ ਕਰਨਾ ਚਾਹੀਦਾ ਹੈ?

ਉੱਤਰ:- ਹਮੇਸ਼ਾ ਘਾਟੇ ਅਤੇ ਲਾਭ ਤੇ ਵਿਚਾਰ ਕਰੋ। ਜੇਕਰ ਇਸ ਤੇ ਵਿਚਾਰ ਨਹੀਂ ਕੀਤਾ ਤਾਂ ਪਰਜਾ ਵਿਚ ਦਾਸ - ਦਾਸੀ ਬਣਨਾ ਪਵੇਗਾ। ਬਾਪ 21 ਜਨਮਾਂ ਦੀ ਰਾਜਾਈ ਦਾ ਜੋ ਵਰਸਾ ਦਿੰਦੇ ਹਨ, ਉਸਨੂੰ ਗੰਵਾ ਦੇਵੋਗੇ ਇਸਲਈ ਬਾਪ ਨਾਲ ਪੂਰਾ ਸੌਦਾ ਕਰਨਾ ਹੈ। ਬਾਪ ਹੈ ਦਾਤਾ, ਤੁਸੀਂ ਬੱਚੇ ਸੁਦਾਮਾ ਦੀ ਤਰ੍ਹਾਂ ਮੁਠੀ ਚਾਵਲ ਦਿੰਦੇ ਹੋ ਅਤੇ ਵਿਸ਼ਵ ਦੀ ਬਾਦਸ਼ਾਹੀ ਲੈਂਦੇ ਹੋ।

ਓਮ ਸ਼ਾਂਤੀ। ਬੱਚੇ ਇਥੇ ਬੈਠੇ ਹਨ, ਇਹ ਸਕੂਲ ਹੈ, ਇਹ ਕੋਈ ਸਤਿਸੰਗ ਨਹੀਂ ਹੈ। ਮਹੰਤ, ਬ੍ਰਾਹਮਣ ਜਾ ਕੋਈ ਸੰਨਿਆਸੀ ਸਾਮਣੇ ਨਹੀਂ ਬੈਠਾ ਹੈ। ਡਰ ਦੀ ਕੋਈ ਗੱਲ ਨਹੀਂ ਕਿ ਸਵਾਮੀ ਨਾਰਾਜ ਨਾ ਹੋ ਜਾਵੇ। ਭਗਤੀ ਮਾਰਗ ਵਿਚ ਜਦੋ ਕਿਸੇ ਸਾਧੂ ਸੰਨਿਆਸੀ ਨੂੰ ਘਰ ਬੁਲਾਉਂਦੇ ਹਨ ਤਾਂ ਉਨ੍ਹਾਂ ਦੇ ਪੈਰ ਧੋ ਕੇ ਪੀਂਦੇ ਹਨ, ਇਹ ਤਾਂ ਬਾਪ ਹੈ ਨਾ। ਘਰ ਵਿਚ ਬੱਚੇ ਕਦੇ ਬਾਪ ਤੋਂ ਡਰਦੇ ਹਨ ਕੀ। ਤੁਸੀਂ ਤੇ ਨਾਲ ਹੀ ਖਾਂਦੇ- ਪੀਂਦੇ ਹੋ, ਖੇਡਦੇ ਹੋ। ਸੰਨਿਆਸੀ ਗੁਰੂ ਆਦਿ ਨਾਲ ਇਸ ਤਰ੍ਹਾਂ ਕਰਦੇ ਹਨ ਕੀ? ਓਥੇ ਤਾਂ ਸਾਰਾ ਦਿਨ ਗੁਰੂ ਜੀ, ਗੁਰੂ ਜੀ ਕਰਦੇ ਰਹਿੰਦੇ ਹਨ। ਇਥੇ ਤਾ ਇਵੇਂ ਨਹੀਂ ਕਰਨਾ ਹੈ, ਇਹ ਤਾਂ ਬਾਪ ਹੈ ਨਾ। ਗੁਰੂ ਤੋਂ ਆਪਣਾ ਵਰਸਾ, ਟੀਚਰ ਤੋਂ ਆਪਣਾ ਵਰਸਾ ਮਿਲਦਾ ਹੈ। ਬਾਪ ਤੋਂ ਤਾਂ ਪ੍ਰਾਪਰਟੀ ਮਿਲਦੀ ਹੈ। ਬੱਚਾ ਪੈਦਾ ਹੋਇਆ ਤੇ ਵਾਰਿਸ ਬਣਿਆ। ਇਥੇ ਵੀ ਬਾਪ ਦੇ ਬੱਚੇ ਬਣੇ, ਬਾਪ ਨੂੰ ਪਹਿਚਾਣਿਆ ਤੇ ਬਸ ਅਸੀਂ ਸਵਰਗ ਦੇ ਮਾਲਿਕ ਹਾਂ। ਬਾਪ ਹੈ ਹੀ ਸਵਰਗ ਦਾ ਰਚਿਯਤਾ। ਇਨ੍ਹਾਂ ਲਕਸ਼ਮੀ ਨਰਾਇਣ ਨੇ ਸਵਰਗ ਦੀ ਰਾਜਾਈ ਕਿਵੇਂ ਲਈ ਤੇ ਕਿਥੋਂ ਲਈ - ਇਹ ਕੋਈ ਵੀ ਨਹੀਂ ਜਾਣਦਾ। ਤੁਸੀਂ ਸਮਝਦੇ ਹੋ ਅਸੀਂ ਇਹ ਸੀ, ਫਿਰ ਬਣ ਰਹੇ ਹਾਂ। ਮਨੁੱਖ ਤਾਂ ਕੁਝ ਵੀ ਖਿਆਲ ਨਹੀਂ ਕਰਦੇ ਕੀ ਇਹ ਕੌਣ ਹੈ, ਅਸੀਂ ਕਿਸਨੂੰ ਪੂਜਦੇ ਹਾਂ। ਸ਼ਿਵ ਦੇ ਮੰਦਿਰ ਵਿਚ ਜਾਕੇ, ਸਿਰਫ ਲੋਟੀ ਚੜਾ ਕੇ ਆਉਂਦੇ ਹਨ, ਜਾਣਦੇ ਕੁਝ ਵੀ ਨਹੀਂ। ਤੁਹਾਨੂੰ ਹੁਣ ਇਹ ਮਹਿਸੂਸ ਹੁੰਦਾ ਹੈ ਕਿ ਅਸੀਂ ਇਹ ਮ੍ਰਿਤੂਲੋਕ ਦਾ ਸ਼ਰੀਰ ਛੱਡ, ਅਮਰਲੋਕ ਵਿਚ ਜਾਵਾਂਗੇ। ਪ੍ਰਾਪਤੀ ਕਿੰਨੀ ਵੱਡੀ ਹੈ। ਭਗਤੀ ਮਾਰਗ ਵਿਚ ਕੁਝ ਵੀ ਪ੍ਰਾਪਤੀ ਨਹੀਂ। ਬਾਬਾ ਖੁਦ ਵੀ ਕਹਿੰਦੇ ਹਨ ਅਸੀਂ 12 ਗੁਰੂ ਕੀਤੇ। ਹੁਣ ਸਮਝਦੇ ਹਨ ਕਿ ਇਹ ਤਾਂ ਟਾਈਮ ਖਰਾਬ ਹੋ ਗਿਆ ਹੋਰ ਵੀ ਹੇਠਾਂ ਉਤਰਦੇ ਗਏ। ਪਰ ਇਹ ਵੀ ਡਰਾਮਾ ਵਿਚ ਨੂੰਧ ਸੀ। ਸਾਡੀ ਕਿਸੇ ਨਾਲ ਦੁਸ਼ਮਨੀ ਨਹੀਂ ਹੈ। ਸਾਡੀ ਇਕ ਬਾਪ ਦੇ ਨਾਲ ਹੀ ਪ੍ਰੀਤ ਹੈ। ਤੁਸੀਂ ਜਦੋਂ ਅੰਦਰ ਕਲਾਸ ਵਿਚ ਆਉਂਦੇ ਹੋ ਤਾਂ ਇਨ੍ਹਾਂ ਤਸਵੀਰਾਂ ਨੂੰ ਵੇਖ ਕੇ ਖੁਸ਼ ਹੋਣਾ ਚਾਹੀਦਾ ਹੈ ਕਿ ਅਸੀਂ ਪੜ੍ਹ ਕੇ ਇਹ ਬਣ ਰਹੇ ਹਾਂ। ਤੁਹਾਨੂੰ ਪਤਾ ਹੈ ਕਿ ਇਹ ਰਾਜਧਾਨੀ ਕਿਵੇਂ ਸਥਾਪਨ ਹੁੰਦੀ ਹੈ। ਬਾਪ ਕਹਿੰਦੇ ਹਨ, ਬੱਚੇ ਮੂੰਝੋਂ ਨਾ। ਬਾਪ ਕਿੰਨਾ ਚੰਗੀ ਤਰ੍ਹਾਂ ਸਮਝਾਉਂਦੇ ਹਨ, ਫਿਰ ਵੀ ਆਸ਼ਚਰਿਆਵਤ, ਸੁੰਨਤੀ, ਕਥੰਤੀ, ਭਗੰਤੀ ਹੋ ਜਾਂਦੇ ਹਨ। ਮਾਇਆ ਦੇ ਬਣ ਜਾਂਦੇ ਹਨ ਉਨ੍ਹਾਂ ਨੂੰ ਕਿਹਾ ਜਾਂਦਾ ਹੈ ਟ੍ਰੇਟਰ, ਜੋ ਇਕ ਰਾਜਧਾਨੀ ਤੋਂ ਨਿਕਲ ਦੂਜੀ ਦੇ ਜਾ ਕੇ ਬਣਦੇ ਹਨ। ਬਾਪ ਕਿੰਨਾ ਚੰਗੀ ਤਰ੍ਹਾਂ ਪੁਰਸ਼ਾਰਥ ਕਰਵਾਉਂਦੇ ਹਨ। ਭਗਤੀ ਮਾਰਗ ਵਿਚ ਕਿੰਨਾ ਭਟਕਦੇ ਹਾਂ। ਦਾਨ, ਪੁੰਨ, ਤੀਰਥ, ਵਰਤ, ਨੇਮ ਆਦਿ ਬਹੁਤ ਕਰਦੇ ਹਨ। ਅੱਛਾ, ਸਾਕਸ਼ਾਤਕਾਰ ਹੋਇਆ ਤਾਂ ਕੀ ਹੋਇਆ। ਚੜਦੀ ਕਲਾ ਤੇ ਹੋਈ ਨਹੀਂ, ਸਗੋਂ ਹੋਰ ਹੀ ਉਤਰਦੀ ਕਲਾ ਹੋਈ। ਤੁਹਾਡੀ ਦਿਨ ਪ੍ਰਤੀਦਿਨ ਹੈ ਚੜ੍ਹਦੀ ਕਲਾ, ਬਾਕੀਆਂ ਦੀ ਹੈ ਉਤਰਦੀ ਕਲਾ। ਗੁਰੂ ਲੋਕ ਕਹਿੰਦੇ ਵੀ ਹਨ, ਗਿਆਨ ਬ੍ਰਹਮਾ ਦਾ ਦਿਨ ਹੈ। ਭਗਤੀ ਬ੍ਰਹਮਾ ਦੀ ਰਾਤ ਹੈ। ਗਿਆਨ ਅਤੇ ਭਗਤੀ ਵਿਚ ਰਾਤ ਦਿਨ ਦਾ ਫਰਕ ਹੈ। ਗਿਆਨ ਨਾਲ ਸੁਖ ਮਿਲਦਾ ਹੈ, ਬਾਪ ਕਿੰਨਾ ਸੌਖਾ ਸਮਝਾਉਂਦੇ ਹਨ ਕਿ ਤੁਸੀਂ ਹੀ ਵਿਸ਼ਵ ਦੇ ਮਾਲਿਕ ਸੀ। ਫਿਰ ਤੁਸੀਂ ਹੀ ਹੇਠਾਂ ਉਤਰਦੇ ਆਏ ਹੋ। ਹੁਣ ਬਾਪ ਕਹਿੰਦੇ ਹਨ ਸਿਰਫ ਆਪਣੇ ਆਪ ਨੂੰ ਆਤਮਾ ਸਮਝੋ। ਆਤਮਾ ਅਵਿਨਾਸ਼ੀ ਹੈ, ਉਹ ਕਹਿੰਦੀ ਹੈ ਅਵਿਨਾਸ਼ੀ ਬਾਪ ਸਾਨੂੰ ਆਕੇ ਪਾਵਨ ਬਣਾਓ, ਇਸ ਵਿਚ ਮੁਕਤੀ, ਜੀਵਨ ਮੁਕਤੀ ਸਭ ਆ ਜਾਂਦਾ ਹੈ। ਤੁਸੀਂ ਹੁਣ ਸਮਝਦੇ ਹੋ ਭਗਤੀ ਵਿਚ ਅਸੀਂ ਕੁਝ ਵੀ ਨਹੀਂ ਜਾਣਦੇ ਸੀ। ਲਭਦੇ ਰਹਿੰਦੇ ਸੀ। ਗਾਉਂਦੇ ਰਹਿੰਦੇ ਸੀ ਕਿ ਹੇ ਭਗਵਾਨ ਰਹਿਮ ਕਰੋ। ਭਗਵਾਨ ਕਹਿਣ ਨਾਲ ਇਤਨੀ ਟੇਸਟ ਨਹੀਂ ਆਉਂਦੀ ਹੈ, ਵਰਸਾ ਯਾਦ ਨਹੀਂ ਆਉਂਦਾ। ਤੁਸੀਂ ਕਹੋਗੇ ਉੱਚੇ ਤੇ ਉੱਚਾ ਸ਼ਿਵਬਾਬਾ ਹੈ ਤਾਂ ਫੋਰਨ ਵਰਸਾ ਯਾਦ ਆਵੇਗਾ। ਹੁਣ ਤੁਸੀਂ ਸਮਝਦੇ ਹੋ ਇਹ ਰਾਵਣ ਰਾਜ ਹੈ। ਰਾਮਰਾਜ ਹੁੰਦਾ ਹੈ ਸਤਿਯੁਗ ਵਿਚ ਹੁਣ ਤਾ ਕਲਯੁੱਗ ਹੈ। ਸਤਿਯੁਗ ਵਿਚ ਬਹੁਤ ਥੋੜੇ ਮਨੁੱਖ ਸਨ। ਇਕ ਹੀ ਆਦਿ ਸਨਾਤਨ ਧਰਮ ਸੀ। ਸੁਖ ਸ਼ਾਂਤੀ ਸੀ। ਇਥੇ ਮਨੁੱਖ ਸੁਖ ਸ਼ਾਂਤੀ ਲਈ ਭਟਕਦੇ ਰਹਿੰਦੇ ਹਨ। ਕਿੰਨਾ ਖਰਚਾ ਕਰਦੇ ਹਨ - ਕੰਨਫਰੰਸ ਆਦਿ ਵਿਚ। ਤੁਸੀਂ ਉਨ੍ਹਾਂ ਨੂੰ ਲਿਖ ਸਕਦੇ ਹੋ, ਸ਼ਾਂਤੀ ਦਾ ਸਾਗਰ, ਪਵਿੱਤਰਤਾ ਦਾ ਸਾਗਰ, ਸੰਪਤੀ ਦਾ ਵੀ ਉਹ ਸਾਗਰ ਹੈ। ਸਭ ਕੁਝ ਉਨ੍ਹਾਂ ਤੋਂ ਮਿਲਦਾ ਹੈ।

ਹੁਣ ਤੁਸੀਂ ਜਾਣਦੇ ਹੋ, ਸਤਿਯੁਗ ਵਿਚ ਅਸੀਂ ਬਹੁਤ ਧਨਵਾਨ ਸੀ। ਵਿਸ਼ਵ ਵਿਚ ਸ਼ਾਂਤੀ ਤੇ ਓਥੇ ਸੀ। ਬਾਕੀ ਆਤਮਾਵਾਂ ਨੂੰ ਸ਼ਾਂਤੀ ਹੁੰਦੀ ਹੈ ਪਰਮਧਾਮ ਘਰ ਵਿਚ। ਸੰਸਾਰ ਵਿਚ ਅਸੀਂ ਇਕੱਲੇ ਸੀ ਤਾਂ ਸੁਖ ਸ਼ਾਂਤੀ ਸਭ ਕੁਝ ਸੀ। ਤਾਂ ਬੱਚਿਆਂ ਨੂੰ ਬੜੀ ਖੁਸ਼ੀ ਰਹਿਣੀ ਚਾਹੀਦੀ

ਹੈ। ਅਜਿਹੇ ਸਵਰਗ ਦੇ ਲਈ ਸ਼ਾਸਤਰਾਂ ਵਿਚ ਕੀ-ਕੀ ਗੱਲਾਂ ਲਿਖ ਦਿੱਤੀਆਂ ਹਨ। ਹੁਣ ਬਾਪ ਕਹਿੰਦੇ ਮੈਂ ਤੁਹਾਨੂੰ ਇਹਨਾਂ ਸਮਝਾਉਂਦਾ ਹਾਂ ਜੋ ਤੁਹਾਨੂੰ ਕੋਈ ਵੀ ਪ੍ਰਸ਼ਨ ਆਦਿ ਪੁੱਛਣ ਦੀ ਲੋੜ ਨਹੀਂ। ਪਹਿਲੇ ਤਾਂ ਮਾਮੇਕਮ ਯਾਦ ਕਰੋ। ਤੁਸੀਂ ਬੁਲਾਉਂਦੇ ਹੋ ਪਤਿਤਾਂ ਨੂੰ ਆਕੇ ਪਾਵਨ ਬਣਾਓ, ਮਤਲਬ ਕੀ ਪੁਰਾਣੀ ਦੁਨੀਆ ਨੂੰ ਆਕੇ ਨਵਾਂ ਬਣਾਓ। ਪਰ ਮਤਲਬ ਕੁਝ ਨਹੀਂ ਸਮਝਦੇ। ਸੂਤ ਮੁੰਝਿਆ ਹੋਇਆ ਹੈ। ਹੁਣ ਸੁਲਝਾਣਾ ਪੈਂਦਾ ਹੈ। ਭਗਤੀ ਵਿਚ ਕਿੰਨੇ ਚਿਤਰ ਬਣਾਏ ਹਨ, ਕ੍ਰਿਸ਼ਨ ਨੂੰ ਚੱਕਰ ਦੇ ਦਿੱਤਾ ਹੈ, ਜਿਸ ਨਾਲ ਅਕਾਸੁਰ, ਬਕਾਸੁਰ ਨੂੰ ਮਾਰਿਆ। ਅਰੇ ਉਹ ਕੋਈ ਹਿਸੰਕ ਸੀ ਕੀ? ਫਿਰ ਕਹਿੰਦੇ ਫਲਾਨੀ-2 ਨੂੰ ਭਜਾਇਆ। ਡਬਲ ਹਿਸੰਕ ਬਣਾ ਦਿੱਤਾ ਹੈ। ਵੰਡਰ ਹੈ ਨਾ, ਜਿਨ੍ਹਾਂ ਨੇ ਸ਼ਾਸਤਰ ਬਣਾਏ ਹਨ ਉਨ੍ਹਾਂ ਦੀ ਬੁੱਧੀ ਦੀ ਕਮਾਲ ਹੈ। ਫਿਰ ਉਨ੍ਹਾਂਨੂੰ ਕਹਿੰਦੇ ਵਿਆਸ ਭਗਵਾਨ। ਹੁਣ ਬਾਪ ਕਹਿੰਦੇ ਮੈਨੂੰ ਯਾਦ ਕਰੋ ਅਤੇ ਦੇਵੀਗੁਣ ਧਾਰਨ ਕਰੋ। ਹੋਰ ਕੋਈ ਗੱਲ ਨਹੀਂ। ਤੁਹਾਨੂੰ ਯੋਗ ਵਿਚ ਬਿਠਾਇਆ ਜਾਂਦਾ ਹੈ ਕਿਉਂਕਿ ਬਹੁਤ ਹਨ ਜੋ ਬਾਬਾ ਨੂੰ ਯਾਦ ਨਹੀਂ ਕਰਦੇ। ਆਪਣੇ ਹੀ ਧੰਧੇ ਵਿਚ ਰਹਿੰਦੇ ਹਨ। ਉਨ੍ਹਾਂ ਨੂੰ ਫੁਰਸਤ ਹੀ ਨਹੀਂ। ਪਰ ਉਨ੍ਹਾਂ ਨੂੰ ਤੇ ਕੰਮ ਆਦਿ ਕਰਦੇ ਬੁੱਧੀ ਨਾਲ ਯਾਦ ਕਰਨਾ ਹੈ। ਤੁਸੀਂ ਆਸ਼ਿਕ ਹੋ ਮੇਰੇ ਮਾਸ਼ੂਕ ਦੇ। ਹੁਣ ਮੈਂ ਤੁਹਾਨੂੰ ਕਹਿੰਦਾ ਹਾਂ ਹੋਰ ਸੰਗ ਤੋੜ ਮੇਰੇ ਇੱਕ ਸੰਗ ਜੋੜੋ। ਖਾਂਦੇ ਪੀਂਦੇ ਸਿਰਫ ਇਹ ਇਕ ਆਦਤ ਪਾਓ ਕੀ ਮੈਂ ਆਤਮਾ ਹਾਂ ਅਤੇ ਬਾਪ ਨੂੰ ਯਾਦ ਕਰੋ। ਬਾਪ ਤੁਹਾਨੂੰ ਕਿੰਨਾ ਉਂਚਾ ਬਣਾਉਂਦੇ ਹਨ, ਤੁਸੀਂ ਇਹ ਪਾਈ - ਪੈਸੇ ਦੀ ਗੱਲ ਨਹੀਂ ਮੰਨਦੇ, ਮੈਨੂੰ ਯਾਦ ਨਹੀਂ ਕਰਦੇ। ਆਪਣੇ ਬਾਲ ਬੱਚਿਆਂ ਨੂੰ ਯਾਦ ਕਰਦੇ ਹੋ, ਮੈਨੂੰ ਨਹੀਂ ਕਰ ਸਕਦੇ ਹੋ। ਅਸਲ ਵਿਚ ਨਿਸ਼ਠਾ ਅੱਖਰ ਕਹਿਣਾ ਗਲਤ ਹੈ। ਬਾਬਾ ਡਾਇਰੈਕਟ ਆਕੇ ਕਹਿੰਦੇ ਹਨ ਮਾਮੇਕਮ ਯਾਦ ਕਰੋ। ਕਲਪ ਪਹਿਲਾ ਵੀ ਬਾਪ ਨੇ ਸਾਮਣੇ ਬੈਠ ਸਮਝਾਇਆ ਸੀ। ਹੁਣ ਸਮਝਾਉਂਦੇ ਹਨ ਮਿੱਠੇ-2 ਬੱਚੇ. ਕਲਪ ਦੇ ਬਾਦ ਮਿਲੇ ਲਾਡਲੇ ਬੱਚੇ.. ਹੁਣ ਤੁਹਾਡੇ 84 ਜਨਮ ਪੂਰੇ ਹੋਏ। ਹੁਣ ਵਾਪਿਸ ਜਾਣ ਲਈ ਪਵਿੱਤਰ ਜਰੂਰ ਬਣਨਾ ਪਵੇਗਾ। ਵਿਕਾਰ ਵਿਚ ਜਾਣ ਕਾਰਣ ਤੁਸੀਂ ਬਹੁਤ ਪਤਿਤ ਬਣੇ ਹੋ। ਪਾਵਨ ਨਹੀਂ ਬਣੋਗੇ ਤਾਂ ਪਦਵੀ ਵੀ ਘਟ ਮਿਲੇਗੀ। ਆਪਣੇ ਨੂੰ ਆਪਣਾ ਸਮਝ ਬਾਪ ਨੂੰ ਯਾਦ ਕਰੋ ਅਤੇ 84 ਦੇ ਚੱਕਰ ਨੂੰ ਵੀ ਯਾਦ ਕਰੋ, ਇਹ ਹੀ ਸਵਦਰਸ਼ਨ ਚੱਕਰ ਹੈ। ਇਸਦਾ ਮਤਲਬ ਕੋਈ ਨਹੀਂ ਜਾਣਦਾ। ਮੂੰਹ ਨਾਲ ਗਿਆਨ ਸ਼ੰਖ ਵਜਾਓ। ਇਹ ਗਿਆਨ ਦੀਆ ਗੱਲਾਂ ਹਨ। ਇਹ ਤੁਹਾਡਾ ਬੇਹੱਦ ਦਾ ਬਾਪ ਹੈ। ਸਵਰਗ ਦਾ ਰਚਿਯਤਾ ਹੈ, ਬਾਪ ਨੂੰ ਯਾਦ ਕਰੋ ਤਾਂ ਤੁਹਾਡੀ ਚੜਦੀ ਕਲਾ ਹੋ ਜਾਵੇਗੀ। ਕਿੰਨੀ ਸੋਖੀ ਗੱਲ ਹੈ।

ਤੁਸੀਂ ਬੱਚੇ ਹੁਣ ਸਮਝਦੇ ਹੋ ਕਿ ਇਹ ਬਣਿਆ ਬਣਾਇਆ ਡਰਾਮਾ ਹੈ। ਹਰ 5000 ਸਾਲ ਦੇ ਬਾਅਦ ਬਾਪ ਆਉਂਦੇ ਹਨ। ਹੁਣ ਚੰਗੀ ਤਰ੍ਹਾਂ ਪੁਰਸ਼ਾਰਥ ਕਰੋ। ਤੁਸੀਂ ਧਨ ਦੇ ਲਈ ਕਿਓਂ ਮਰਦੇ ਹੋ। ਅੱਛਾ ਮਹੀਨੇ ਵਿਚ ਲੱਖ ਦੋ ਲੱਖ ਕਮਾਓਗੇ। ਸਭ ਖਤਮ ਹੋ ਜਾਵੇਗਾ। ਬਾਲ ਬੱਚੇ ਖਾਣ ਵਾਲੇ ਵੀ ਨਹੀਂ ਰਹਿਣਗੇ। ਲਾਲਚ ਰਹਿੰਦਾ ਹੈ ਕੀ ਪੁੱਤਰ, ਪੋਤਰੇ ਖਾਣਗੇ। ਇਵੇਂ ਨਹੀਂ ਕੀ ਦੁਬਾਰਾ ਜਨਮ ਸਾਰੇ ਓਸੇ ਕੁਲ ਵਿੱਚ ਹੀ ਲੈਣਗੇ। ਪੁਨਰਜਨਮ ਪਤਾ ਨਹੀਂ ਕਿੱਥੇ - ਕਿੱਥੇ ਲੈਂਦੇ ਹਨ। ਤੁਸੀਂ ਤਾਂ 21 ਜਨਮ ਦਾ ਵਰਸਾ ਪਾਉਂਦੇ ਹੋ। ਜੇਕਰ ਘਟ ਪੁਰਸ਼ਾਰਥ ਕੀਤਾ ਤਾਂ ਪਰਜਾ ਵਿਚ ਦਾਸ - ਦਾਸੀਆਂ ਜਾ ਕੇ ਬਣੋਗੇ ਤਾ ਕਿੰਨਾ ਘਾਟਾ ਹੋ ਜਾਵੇਗਾ। ਘਾਟੇ ਤੇ ਫਾਇਦੇ ਦਾ ਵਿਚਾਰ ਕਰੋ। ਵਪਾਰੀ ਲੋਕ ਪਾਪ ਬਹੁਤ ਕਰਦੇ ਹਨ ਤਾਂ ਕੁਝ ਨਾ ਕੁਝ ਧਰਮਾਓ ਨਿਕਾਲਦੇ ਹਨ। ਇਹ ਤਾਂ ਹੈ ਅਵਿਨਾਸ਼ੀ ਗਿਆਨ ਰਤਨਾਂ ਦਾ ਵਪਾਰ, ਜੋ ਕੋਈ ਵਿਰਲਾ ਹੀ ਕਰਦੇ ਹਨ। ਇਹ ਸੌਦਾ ਡਾਇਰੈਕਟ ਬਾਪ ਨਾਲ ਕਰਨਾ ਹੈ। ਬਾਪ ਦਿੰਦੇ ਹਨ ਗਿਆਨ ਰਤਨ। ਉਹ ਤਾਂ ਦਾਤਾ ਹੈ। ਬੱਚੇ ਚਾਵਲ ਮੁੱਠੀ ਦਿੰਦੇ ਹਨ, ਬਾਪ ਤੇ ਬੇਹੱਦ ਦੀ ਬਾਦਸ਼ਾਹੀ ਦਿੰਦੇ ਹਨ। ਉਨ੍ਹਾਂ ਦੀ ਭੇਟ ਵਿਚ ਇਹ ਚਾਵਲ ਮੁੱਠੀ ਹੋਈ ਨਾ। ਤੁਸੀਂ ਸਾਰੇ ਸੁਦਾਮਾ ਹੋ। ਕੀ ਦਿੰਦੇ ਅਤੇ ਕੀ ਲੈਂਦੇ ਹੋ? ਵਿਸ਼ਵ ਦੀ ਬਾਦਸ਼ਾਹੀ ਲੈ ਕੇ ਵਿਸ਼ਵ ਦੇ ਮਾਲਿਕ ਬਣਦੇ ਹੋ। ਬੁੱਧੀ ਕਹਿੰਦੀ ਹੈ ਇੱਕ ਹੀ ਭਾਰਤ ਖੰਡ ਹੋਵੇਗਾ। ਪ੍ਰਕਿਰਤੀ ਵੀ ਨਵੀ ਹੋਵੇਗੀ। ਆਤਮਾ ਵੀ ਸਤੋਪ੍ਰਧਾਨ ਹੋਵੇਗੀ। ਸਤਿਯੁਗ ਵਿਚ ਤੁਸੀਂ ਦੇਵਤਾ ਪਿਓਰ ਸੋਨਾ ਸੀ। ਫਿਰ ਤ੍ਰੇਤਾ ਵਿਚ ਥੋੜੀ ਚਾਂਦੀ ਆਤਮਾ ਵਿਚ ਪੈਂਦੀ ਹੈ। ਉਸਨੂੰ ਸਿਲਵਰ ਏਜ ਕਿਹਾ ਜਾਂਦਾ ਹੈ। ਸੀੜੀ ਹੇਠਾਂ ਉਤਰਦੇ ਜਾਂਦੇ ਹੋ। ਇਸ ਵੇਲੇ ਤੁਸੀਂ ਬਹੁਤ ਉੱਚੇ ਹੋ। ਵਿਰਾਟ ਰੂਪ ਦਾ ਚਿਤਰ ਵੀ ਹੈ। ਸਿਰਫ ਮਤਲਬ ਨਹੀਂ ਸਮਝਦੇ। ਕਿੰਨੇ ਢੇਰ ਚਿਤਰ ਹਨ। ਕੋਈ ਕ੍ਰਾਇਸਟ ਦਾ ਚਿਤਰ ਰੱਖਦੇ ਹਨ ਤੇ ਕੋਈ ਸਾਈ ਬਾਬਾ ਦਾ। ਮੁਸਲਮਾਨਾਂ ਨੂੰ ਵੀ ਗੁਰੂ ਕਰਦੇ ਹਨ। ਫਿਰ ਓਥੇ ਜਾ ਕੇ ਸ਼ਰਾਬ ਦੀ ਮਹਫ਼ਿਲ ਕਰਦੇ ਹਨ। ਬਾਪ ਕਹਿੰਦੇ ਕਿੰਨਾ ਅਗਿਆਨ ਹਨ੍ਹੇਰਾ ਹੈ। ਇਹ ਸਾਰਾ ਹੈ ਭਗਤੀ ਦਾ ਹਨ੍ਹੇਰਾ। ਸੰਗ ਦੀ ਬੜੀ ਸੰਭਾਲ ਰੱਖਣੀ ਹੈ। ਕਿਹਾ ਵੀ ਜਾਂਦਾ ਹੈ, ਸੰਗ ਤਾਰੇ, ਕੁਸੰਗ ਬੋਰੇ। ਕੁਸੰਗ ਹੈ ਮਾਇਆ ਦੇ ਪੰਜ ਵਿਕਾਰਾਂ ਦਾ। ਹੁਣ ਤੁਹਾਨੂੰ ਸੱਤ ਦਾ ਸੰਗ ਮਿਲਿਆ ਹੈ, ਜਿਸ ਨਾਲ ਤੁਸੀਂ ਪਾਰ ਜਾ ਰਹੇ ਹੋ। ਬਾਪ ਹੀ ਸੱਚ ਬੋਲਦੇ ਹਨ। ਕਲਪ - ਕਲਪ ਤੁਹਾਨੂੰ ਸਭ ਦਾ ਸੰਗ ਮਿਲਦਾ ਹੈ, ਫਿਰ ਅੱਧਾ ਕਲਪ ਦੇ ਬਾਅਦ ਕੁਸੰਗ ਮਿਲਦਾ ਹੈ ਰਾਵਣ ਦਾ। ਇਹ ਵੀ ਸਮਝਦੇ ਹੋ ਕਲਪ ਪਹਿਲਾ ਤਰ੍ਹਾਂ ਰਾਜਧਾਨੀ ਸਥਾਪਨ ਹੋਏਗੀ। ਤੁਸੀਂ ਵਿਸ਼ਵ ਦੇ ਮਾਲਿਕ ਜਰੂਰ ਬਣੋਗੇ। ਇਥੇ ਤਾਂ ਪਾਰਟੀਸ਼ਨ ਹੋਣ ਦੇ ਕਾਰਨ ਕਿੰਨੇ ਝਗੜੇ ਹੁੰਦੇ ਹਨ। ਉੱਥੇ ਤਾ ਹੈ ਹੀ ਇਕ ਧਰਮ। ਵਿਸ਼ਵ ਵਿਚ ਸ਼ਾਂਤੀ ਸੀ ਜਦੋ ਅਦਵੈਤ ਦੇਵਤਿਆਂ ਦਾ ਰਾਜ ਸੀ। ਇਕ ਹੀ ਧਰਮ ਸੀ। ਓਥੇ ਅਸ਼ਾਂਤੀ ਕਿਥੋਂ ਆਈ। ਉਹ ਤਾਂ ਹੈ ਹੀ ਇਸ਼ਵਰੀਏ ਰਾਜ। ਸਪ੍ਰੀਚਿਊਲ ਨੋਲਜ ਨਾਲ ਪਰਮਾਤਮਾ ਨੇ ਰਾਜਧਾਨੀ ਸਥਾਪਨ ਕੀਤੀ ਹੈ ਤਾਂ ਤੇ ਜਰੂਰ ਓਥੇ ਸੁਖ ਹੋਵੇਗਾ। ਬਾਪ ਦਾ ਬੱਚਿਆਂ ਨਾਲ ਬੜਾ ਪਿਆਰ ਹੁੰਦਾ ਹੈ ਨਾ। ਬਾਪ ਕਹਿੰਦੇ ਹਨ ਮੈਂ ਜਾਣਦਾ ਹਾਂ ਤੁਹਾਨੂੰ ਕਿੰਨੇ ਧੱਕੇ ਖਾਣੇ ਪੈਂਦੇ ਹਨ। ਸਮਝਦੇ ਹਨ ਭਗਵਾਨ ਕਿਸੇ ਨਾ ਕਿਸੇ ਰੂਪ ਵਿਚ ਆ ਜਾਣਗੇ। ਕਦੇ ਬੈਲ ਤੇ ਸਵਾਰੀ ਵੀ ਵਿਖਾਉਂਦੇ ਹਨ। ਹੁਣ ਬੈਲ ਤੇ ਕਦੇ ਸਵਾਰੀ ਹੁੰਦੀ ਹੈ ਕੀ। ਕਿੰਨਾ ਹਨ੍ਹੇਰਾਹੈ, ਬੱਚੇ ਹੁਣ ਸਭ ਨੂੰ ਦੱਸੋ ਕਿ ਬਾਪ ਵਰਸਾ ਦੇਣ ਲੈ ਆਏ ਹਨ, ਬ੍ਰਹਮਾ ਦਵਾਰਾ ਨਵੀ ਦੁਨੀਆ ਸਥਾਪਨ ਹੋ ਰਹੀ ਹੈ। ਬਾਬਾ ਹਮੇਸ਼ਾ ਬੜ ਦੇ ਝਾੜ ਦਾ ਮਿਸਾਲ ਦਿੰਦੇ ਹਨ। ਉਵੇਂ ਇਨ੍ਹਾਂ ਦਾ ਜੋ ਫਾਉਂਡੇਸ਼ਨ ਹੈ, ਉਹ ਹੀ ਫਿਰ ਤੋਂ ਸਥਾਪਨ ਕਰ ਰਹੇ ਹਨ। ਹੋਰ ਕੋਈ ਧਰਮ ਨਹੀਂ ਰਹੇਗਾ। ਭਾਰਤ ਹੈ ਅਵਿਨਾਸ਼ੀ ਖੰਡ ਅਤੇ ਅਵਿਨਾਸ਼ੀ ਤੀਰਥ। ਬਾਪ ਦਾ ਬਰਥ ਪਲੇਸ ਹੈ ਨਾ। ਬਾਬਾ ਮਿੱਠੇ-2 ਬੱਚਿਆਂ ਨੂੰ ਬੜੇ ਪਿਆਰ ਨਾਲ ਸਮਝਾਉਂਦੇ ਹਨ। ਟੀਚਰ ਦੇ ਰੂਪ ਵਿਚ ਪੜਾਉਂਦੇ ਹਨ, ਤੁਸੀਂ ਬੱਚੇ ਪੜ੍ਹ ਕੇ ਮੇਰੇ ਤੋਂ ਵੀ ਉੱਚ ਚਲੇ ਜਾਂਦੇ ਹੋ। ਮੈਂ ਤਾਂ

ਰਾਜਗੱਦੀ ਲੈਂਦਾ ਨਹੀਂ ਹਾਂ। ਤੁਸੀਂ ਮੈਨੂੰ ਕਦੇ ਸਵਰਗ ਵਿਚ ਬੁਲਾਇਆ ਹੈ ਕੀ, ਕਿ ਆਓ - ਤੁਹਾਨੂੰ ਮੈਂ ਸਵਰਗ ਵਿਚ ਭੇਜ ਦਿੰਦਾ ਹਾਂ। ਕਿੰਨਾ ਮਜੇ ਦਾ ਖੇਲ ਹੈ। ਬਾਬਾ ਕਹਿੰਦੇ ਹਨ ਅੱਛਾ ਬੱਚੇ ਜਿਉਂਦੇ ਰਹੋ। ਮੈਂ ਵਾਨਪ੍ਰਸਥ ਅਵਸਥਾ ਵਿਚ ਜਾ ਕੇ ਰਹਿੰਦਾ ਹਾਂ।

ਬਾਪ ਕਹਿੰਦੇ ਹਨ ਹੁਣ ਤਾਂ ਆਫ਼ਤਾਂ ਸਿਰ ਤੇ ਖੜੀਆਂ ਹਨ, ਇਸਲਈ ਪੁਰਸ਼ੋਤਮ ਬਣਨ ਦਾ ਇਸ ਪੁਰਸ਼ੋਤਮ ਸੰਗਮਯੁਗ ਵਿਚ ਪੂਰਾ-2 ਪੁਰਸ਼ਾਰਥ ਕਰਨਾ ਹੈ। ਬਾਪ ਨੂੰ ਯਾਦ ਕਰਨ ਦਾ ਪੁਰਸ਼ਾਰਥ ਕਰਦੇ ਰਹੋ ਤਾਂ ਵਿਕਰਮ ਵਿਨਾਸ਼ ਹੋ ਜਾਣਗੇ ਅਤੇ ਜਿੰਨਾਂ ਜੋ ਪੜਨਗੇ, ਉਹ ਉੱਚ ਕੁਲ ਵਿਚ ਜਾਣਗੇ। ਬਾਪ ਕਹਿੰਦੇ ਹਨ ਆਪਣੀ ਘੋਟ ਤੇ ਨਸ਼ਾ ਚੜੇ। ਸਦਾ ਬੱਚਿਆਂ ਨੂੰ ਬਾਪ ਤੋਂ ਵਰਸਾ ਮਿਲਦਾ ਹੈ। ਲੌਕਿਕ ਵਿਚ ਤਾਂ ਬੱਚਿਆਂ ਨੂੰ ਮਿਲਦਾ ਹੈ। ਬਾਕੀ ਕੰਨਿਆਦਾਨ ਹੁੰਦਾ ਹੈ। ਇਥੇ ਤਾਂ ਸਾਰੀਆਂ ਆਤਮਾਵਾਂ ਨੂੰ ਬੇਹੱਦ ਦਾ ਵਰਸਾ ਮਿਲਦਾ ਹੈ ਸੋ ਵੀ ਬੇਹੱਦ ਦਾ। ਤਾਂ ਇਸਤੇ ਪੂਰਾ ਧਿਆਨ ਦੇਣਾ ਚਾਹੀਦਾ ਹੈ। ਭਗਵਾਨ ਪੜਾਉਂਦੇ ਹਨ, ਇਕ ਦਿਨ ਵੀ ਮਿਸ ਨਹੀਂ ਕਰਨਾ ਚਾਹੀਦਾ। ਬਾਬਾ ਨੂੰ ਕਹਿੰਦੇ ਕਿ ਮੈਨੂੰ ਫੁਰਸਤ ਨਹੀਂ ਹੈ। ਅਰੇ ਆਤਮਾ ਨੂੰ ਫੁਰਸਤ ਨਹੀਂ ਹੈ ਮੇਰੇ ਤੋਂ ਪੜਨ ਲਈ, ਇਹ ਕਹਿਣ ਵਿਚ ਸ਼ਰਮ ਨਹੀਂ ਆਉਂਦੀ। ਅੱਛਾ।

ਮਿੱਠੇ - ਮਿੱਠੇ ਸਿਕੀਲਧੇ ਬੱਚਿਆਂ ਪ੍ਰਤੀ ਮਾਤ-ਪਿਤਾ ਬਾਪਦਾਦਾ ਦਾ ਯਾਦ-ਪਿਆਰ ਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁਖ ਸਾਰ:-

1. ਸੰਗ ਤੋਂ ਆਪਣੀ ਬਹੁਤ ਸੰਭਾਲ ਕਰਨੀ ਹੈ। ਇਕ ਸੱਚੇ ਬਾਪ ਦੀ ਸੰਗਤ ਕਰਨੀ ਹੈ। ਮਾਇਆ ਪੰਜ ਵਿਕਾਰਾਂ ਦੇ ਸੰਗ ਤੋਂ ਬਹੁਤ ਦੂਰ ਰਹਿਣਾ ਹੈ।

**2** ਪੜਾਈ ਤੇ ਪੂਰਾ ਧਿਆਨ ਦੇਣਾ ਹੈ, ਆਪਣੀ ਮਸਤੀ ਵਿਚ ਰਹੋ। ਕਿਹਾ ਜਾਂਦਾ ਹੈ ਆਪਣੀ ਘੋਟ ਤੇ ਨਸ਼ਾ ਚੜੇ। ਇਕ ਦਿਨ ਵੀ ਪੜਾਈ ਮਿਸ ਨਾ ਕਰੋ।

ਵਰਦਾਨ:- ਸੇਵਾ ਵਿਚ ਸਨੇਹ ਅਤੇ ਸਤਿਅਤਾ ਦੀ ਅਥਾਰਟੀ ਦੇ ਬੈਲੇਂਸ ਦਵਾਰਾ ਸਫਲਤਾਮੂਰਤ ਭਵ।

ਜਿਵੇਂ ਇਸ ਝੂਠ ਵਿੱਚ ਬ੍ਰਹਮਾ ਬਾਪ ਨੂੰ ਸਤਿਅਤਾ ਦੀ ਅਥਾਰਟੀ ਦਾ ਪ੍ਰਤੱਖ ਸਵਰੂਪ ਦੇਖਿਆ। ਉਨ੍ਹਾਂ ਵਿੱਚ ਅਥਾਰਟੀ ਦੇ ਬੋਲ ਕਦੇ ਹੰਕਾਰ ਦੀ ਭਾਸਨਾ ਨਹੀਂ ਦੇਣਗੇ। ਅਥਾਰਟੀ ਦੇ ਬੋਲ ਵਿੱਚ ਸਨੇਹ ਸਮਾਇਆ ਹੋਇਆ ਹੈ। ਅਥਾਰਟੀ ਦੇ ਬੋਲ ਸਿਰਫ ਪਿਆਰੇ ਨਹੀਂ ਪ੍ਰਭਾਵਸ਼ਾਲੀ ਹੁੰਦੇ ਹਨ। ਤਾਂ ਫਾਲੋ ਫਾਦਰ ਕਰੋ - ਸਨੇਹ ਅਤੇ ਅਥਾਰਟੀ, ਨਿਰਮਾਣਤਾ ਅਤੇ ਮਹਾਨਤਾ ਦੋਵੇਂ ਨਾਲ - ਨਾਲ ਵਿਖਾਈ ਦੇਣ। ਵਰਤਮਾਨ ਸਮੇਂ ਸੇਵਾ ਵਿਚ ਇਸ ਬੈਲੈਂਸ ਨੂੰ ਅੰਡਰ ਲਾਈਨ ਕਰੋ ਤਾਂ ਸਫਲਤਾ ਮੂਰਤ ਬਣ ਜਾਵੋਗੇ।

ਸਲੋਗਨ:- ਮੇਰੇ ਨੂੰ ਤੇਰੇ ਵਿੱਚ ਪਰਿਵਰਤਨ ਕਰਨਾ ਮਤਲਬ ਭਾਗ ਦਾ ਅਧਿਕਾਰ ਲੈਣਾ।

******

ਅਵਿਅਕਤ ਸਾਇਲੈਂਸ ਦਵਾਰਾ ਡਬਲ ਲਾਈਟ ਫਰਿਸ਼ਤਾ ਸਥਿਤੀ ਦਾ ਅਨੁਭਵ ਕਰੋ।

ਪਹਿਲੇ ਆਪਣੀ ਦੇਹ ਦੇ ਲਗਾਵ ਨੂੰ ਖਤਮ ਕਰੋ ਤਾਂ ਸੰਬੰਧ ਅਤੇ ਪਦਾਰਥ ਤੋਂ ਲਗਾਵ ਆਪੇ ਹੀ ਖਤਮ ਹੋ ਜਾਵੇਗਾ। ਫਰਿਸ਼ਤਾ ਬਣਨ ਦੇ ਲਈ ਇਹ ਅਭਿਆਸ ਕਰੋ ਕਿ ਇਹ ਦੇਹ ਸੇਵਾ ਅਰਥ ਹੈ, ਅਮਾਨਤ ਹੈ, ਮੈਂ ਟਰੱਸਟੀ ਹਾਂ। ਫਿਰ ਵੇਖੋ ਫਰਿਸ਼ਤਾ ਬਣਨਾ ਕਿੰਨਾਂ ਸਹਿਜ ਲਗਦਾ ਹੈ।